Ranjeet Singh

# ਛੋਟੇ ਉੱਤਰਾਂ ਵਾਲੇ ਪ੍ਰਸ਼ਨ

## ਪੰਜਾਬੀ ਭਾਸ਼ਾ—ਸਰੂਪ ਅਤੇ ਪ੍ਰਵਿਰਤੀਆਂ

ਪ੍ਰਸ਼ਨ—ਪੰਜਾਬੀ ਭਾਸ਼ਾ ਦੀਆਂ ਧੁਨੀਆਂ ਨੂੰ ਕਿੰਨੇ ਆਧਾਰਾਂ 'ਤੇ ਵੰਡਿਆ ਜਾਂਦਾ ਹੈ—

ਉੱਤਰ—ਦੋ-ਖੰਡੀ ਅਤੇ ਅਖੰਡੀ ਧੁਨੀਆਂ ਵਿਚ

ਪ੍ਰਸ਼ਨ—ਖੰਡੀ ਧੁਨੀਆਂ ਕਿਹੜੀਆਂ ਹਨ—

ਉੱਤਰ—ਜਿਹੜੀਆਂ ਧੁਨੀਆਂ ਸ਼ਬਦਾਂ ਵਿਚ ਸੁਤੰਤਰ ਤੌਰ ਤੇ ਵਿਚਰਨ ਦੇ ਸਮਰੱਥ ਹੁੰਦੀਆਂ ਹਨ।

ਪ੍ਰਸ਼ਨ—ਅਖੰਡੀ ਧੁਨੀਆਂ ਕਿਹੜੀਆਂ ਹਨ—

ਉੱਤਰ—ਜਿਹੜੀਆਂ ਧੁਨੀਆਂ ਸ਼ਬਦਾਂ ਵਿਚ ਸੁਤੰਤਰ ਤੌਰ ਤੇ ਵਿਚਰਨ ਦੇ ਸਮਰੱਥ ਨਹੀਂ ਹੁੰਦੀਆਂ।

ਪ੍ਰਸ਼ਨ—ਧੁਨੀ ਕੀ ਹੈ—

ਉੱਤਰ—ਭਾਸ਼ਾ ਦੀ ਛੋਟੀ-ਛੋਟੀ ਇਕਾਈ।

ਪ੍ਰਸ਼ਨ—ਖੰਡੀ ਧੁਨੀਆਂ ਨੂੰ ਕਿੰਨੇ ਭਾਗਾਂ ਵਿਚ ਵੰਡਿਆ ਜਾਂਦਾ ਹੈ—

ਉੱਤਰ—ਦੋ, ਸਵਰ ਤੇ ਵਿਅੰਜਨ

ਪ੍ਰਸ਼ਨ—ਅਖੰਡੀ ਧੁਨੀਆਂ ਨੂੰ ਕਿੰਨੇ ਭਾਗਾਂ ਵਿਚ ਵੰਡਿਆ ਜਾਂਦਾ ਹੈ—

ਉੱਤਰ—ਚਾਰ-ਨਾਸਿਕਤਾ, ਬਲ, ਸੰਗਮ ਤੇ ਸੁਰ

ਪ੍ਰਸ਼ਨ—ਪੰਜਾਬੀ ਦੀਆਂ ਸਵਰ ਧੁਨੀਆਂ ਦਾ ਵਰਗੀਕਰਨ ਕਿਸ ਆਧਾਰ 'ਤੇ ਕੀਤਾ ਜਾਂਦਾ ਹੈ—

ਉੱਤਰ—ਜੀਭ ਅਤੇ ਬੁੱਲ੍ਹਾਂ ਦੀ ਸਥਿਤੀ ਦੇ ਆਧਾਰ 'ਤੇ।

ਪ੍ਰਸ਼ਨ—ਪੰਜਾਬੀ ਸਵਰ ਨੂੰ ਮੁੱਖ ਰੂਪ ਵਿਚ ਕਿੰਨੇ ਭਾਗਾਂ ਵਿਚ ਵੰਡਿਆ ਜਾਂਦਾ ਹੈ—

ਉੱਤਰ—ਦੋ, ਲਘੂ ਅਤੇ ਦੀਰਘ

ਪ੍ਰਸ਼ਨ—ਪੰਜਾਬੀ ਦੇ ਲਘੂ ਸਵਰ ਕਿਹੜੇ ਹਨ—

ਉੱਤਰ—ਤਿੰਨ-ਅ, ਇ, ਉ

ਪ੍ਰਸ਼ਨ—ਪੰਜਾਬੀ ਦੇ ਦੀਰਘ ਸਵਰ ਕਿੰਨੇ ਹਨ—

ਉੱਤਰ—ਸੱਤ (ਆ, ਐ, ਔ, ਈ, ਏ, ਓ ਅਤੇ ਊ)

ਪ੍ਰਸ਼ਨ—ਪੰਜਾਬੀ ਭਾਸ਼ਾ ਦੇ ਉਚਾਰਣ ਸਥਾਨ ਦੇ ਅਨੁਸਾਰ ਅਗਲੇ ਸਵਰ ਕਿਹੜੇ ਹਨ—

ਉੱਤਰ—ਈ, ਏ, ਐ

ਪ੍ਰਸ਼ਨ—ਉਚਾਰਣ ਸਥਾਨ ਅਨੁਸਾਰ ਪਿਛਲੇ ਸਵਰ ਕਿਹੜੇ ਹਨ—

ਉੱਤਰ—ਊ, ਓ ਤੇ ਔ

ਪ੍ਰਸ਼ਨ—ਉਚਾਰਣ ਸਥਾਨ ਅਨੁਸਾਰ ਵਿਚਕਾਰਲੇ ਸਵਰ ਕਿਹੜੇ ਹਨ—

ਉੱਤਰ—ਇ, ਉ, ਅ, ਆ

ਪ੍ਰਸ਼ਨ—ਉਚਾਰਨ ਵਿਧੀ ਦੇ ਆਧਾਰ 'ਤੇ ਉੱਚੇ ਸਵਰ ਕਿਹੜੇ ਹਨ—

ਉੱਤਰ—ਈ, ਊ

ਪ੍ਰਸ਼ਨ—ਉਚਾਰਣ ਵਿਧੀ ਦੇ ਆਧਾਰ 'ਤੇ ਅੱਧ ਉੱਚੇ ਸਵਰ ਕਿਹੜੇ ਹਨ—

ਉੱਤਰ—ਇ, ਉ

ਪ੍ਰਸ਼ਨ—ਉਚਾਰਣ ਵਿਧੀ ਦੇ ਆਧਾਰ 'ਤੇ ਨੀਵੇਂ ਸਵਰ ਕਿਹੜੇ ਹਨ—

ਉੱਤਰ—ਐ, ਆ, ਔ

ਪ੍ਰਸ਼ਨ—ਉਚਾਰਣ ਵਿਧੀ ਦੇ ਆਧਾਰ 'ਤੇ ਅੱਧ ਨੀਵੇਂ ਸਵਰ ਕਿਹੜੇ ਹਨ—

ਉੱਤਰ—ਅ ਤੇ ਓ

ਪ੍ਰਸ਼ਨ—ਪੰਜਾਬੀ ਭਾਸ਼ਾ ਦੇ ਸਵਰਾਂ ਨੂੰ ਬੁੱਲ੍ਹਾਂ ਦੀ ਸਥਿਤੀ ਦੇ ਆਧਾਰ 'ਤੇ ਕਿੰਨੇ ਭਾਗਾਂ ਵਿਚ ਵੰਡਿਆ ਜਾ ਸਕਦਾ ਹੈ—

ਉੱਤਰ—ਦੋ, ਗੋਲ ਅਤੇ ਅਗੋਲ

ਪ੍ਰਸ਼ਨ—ਗੋਲ ਸਵਰ ਕਿਹੜੇ ਹਨ— VIP

ਉੱਤਰ—ਉ, ਊ, ਓ, ਔ

ਪ੍ਰਸ਼ਨ—ਅਗੋਲ ਸਵਰ ਕਿਹੜੇ ਹਨ—

ਉੱਤਰ—ਈ, ਏ, ਇ, ਐ, ਆ, ਅ

ਪ੍ਰਸ਼ਨ—ਪੰਜਾਬੀ ਦੇ ਸਵਰ ਵਾਹਕ ਅੱਖਰ ਕਿੰਨੇ ਤੇ ਕਿਹੜੇ ਹਨ—

ਉੱਤਰ—ਤਿੰਨ (ੳ, ਅ, ੲ)

ਪ੍ਰਸ਼ਨ—ਪੰਜਾਬੀ ਵਿਅੰਜਨ ਧੁਨੀਆਂ ਦਾ ਵਰਗੀਕਰਨ ਕਿਸ ਆਧਾਰ 'ਤੇ ਕੀਤਾ ਜਾਂਦਾ—

ਉੱਤਰ—ਦੋ, ਉਚਾਰਨ ਅੰਗ ਅਤੇ ਉਚਾਰਨ ਸਥਾਨ।

ਪ੍ਰਸ਼ਨ—ਪੰਜਾਬੀ ਦੀਆਂ ਵਿਅੰਜਨ ਧੁਨੀਆਂ ਨੂੰ ਉਚਾਰਨ ਸਮੇਂ ਕਿਹੜੇ ਅੰਗ ਕ੍ਰਿਆਸ਼ੀਲ ਹੁੰਦੇ ਹਨ—

ਉੱਤਰ—ਬੁੱਲ੍ਹ, ਦੰਦ, ਸੰਘ, ਤਾਲੂ, ਕਾਂ, ਨਾਸਾਂ ਤੇ ਸੁਰ ਤੰਦਾਂ ਆਦਿ।

ਪ੍ਰਸ਼ਨ—ਉਚਾਰਨ ਸਥਾਨ ਦੇ ਆਧਾਰ 'ਤੇ ਪੰਜਾਬੀ ਵਿਅੰਜਨਾਂ ਨੂੰ ਕਿੰਨੇ ਭਾਗਾਂ ਵਿਚ ਵੰਡਿਆ ਜਾਂਦਾ ਹੈ—

ਉੱਤਰ—ਛੇ (ਕੰਠੀ, ਤਾਲਵੀ, ਉਲਟ-ਜੀਭੀ, ਦੰਤੀ, ਹੋਠੀ ਤੇ ਸੁਰ ਯੰਤਰੀ)

ਪ੍ਰਸ਼ਨ—ਪੰਜਾਬੀ ਦੀਆਂ ਕੰਠੀ ਧੁਨੀਆਂ ਕਿਹੜੀਆਂ ਹਨ—

ਉੱਤਰ—ਕ, ਖ, ਗ, ਘ 4

ਪ੍ਰਸ਼ਨ—ਤਾਲਵੀ ਧੁਨੀਆਂ ਕਿਹੜੀਆਂ ਹਨ—

ਉੱਤਰ—ਚ, ਛ, ਜ, ਝ, ਸ਼, ਯ 6

ਪ੍ਰਸ਼ਨ—ਉਲਟ ਜੀਭੀ ਕਿਹੜੀਆਂ ਹਨ— VIP

ਉੱਤਰ—ਟ, ਠ, ਡ, ਢ, ਣ, ਲ਼, ੜ 7

ਪ੍ਰਸ਼ਨ—ਦੰਤੀ ਧੁਨੀਆਂ ਕਿਹੜੀਆਂ ਹਨ—

ਉੱਤਰ—ਤ, ਥ, ਦ, ਧ, ਨ, ਲ, ਰ, ਸ 8

ਪ੍ਰਸ਼ਨ—ਹੋਠੀ ਧੁਨੀਆਂ—

ਉੱਤਰ—ਪ, ਫ, ਬ, ਭ, ਮ 5

ਪ੍ਰਸ਼ਨ—ਸੁਰ ਯੰਤਰੀ ਕਿਹੜਾ ਹੈ ?

ਉੱਤਰ—ਹ

ਪ੍ਰਸ਼ਨ—ਪੰਜਾਬੀ ਦੇ ਡੱਕਵੇਂ ਵਿਅੰਜਨ ਕਿਹੜੇ ਹਨ—

ਉੱਤਰ—ਕ, ਖ, ਗ, ਚ, ਛ, ਜ, ਟ, ਠ, ਡ, ਤ, ਥ, ਦ, ਪ, ਫ, ਬ

ਪ੍ਰਸ਼ਨ—ਪੰਜਾਬੀ ਦੇ ਨਾਸਕੀ ਵਿਅੰਜਨ—

ਉੱਤਰ—ਙ, ਞ, ਣ, ਨ, ਮ

ਪ੍ਰਸ਼ਨ—'ੜ' ਵਿਅੰਜਨ ਦਾ ਉਚਾਰਨ ਕਿਸ ਪ੍ਰਕਾਰ ਦਾ ਹੈ—

ਉੱਤਰ—ਫਟਕਵਾਂ

ਪ੍ਰਸ਼ਨ—ਪੰਜਾਬੀ ਦੀਆਂ ਅਨਾਦੀ ਅਲਪ ਪ੍ਰਾਣ ਧੁਨੀਆਂ ਕਿਹੜੀਆਂ ਹਨ—

ਉੱਤਰ—ਕ, ਚ, ਟ, ਤ, ਪ

Scanned by CamScanner

ਨ—ਪੰਜਾਬੀ ਦੀਆਂ [illegible]

ਤਰ—ਖ, ਛ, ਠ, ਥ, ਫ

ਨ—ਪੰਜਾਬੀ ਨਾਦੀ/ਅਲਪ ਪ੍ਰਾਣ ਧੁਨੀਆਂ ਕਿਹੜੀਆਂ ਹਨ—

ਰ—ਗ, ਜ, ਡ, ਦ, ਬ

ਨ—ਨਾਦੀ ਮਹਾ ਪ੍ਰਾਣ ਧੁਨੀਆਂ ਕਿਹੜੀਆਂ ਹਨ—

ਰ—ਘ, ਝ, ਢ, ਧ, ਭ

ਨ—ਪੰਜਾਬੀ ਦੇ ਸੁਰਕਵੇਂ ਵਿਅੰਜਨ ਕਿਹੜੇ ਹਨ—

ਰ—ਯ ਤੇ ਵ

ਨ—ਪੰਜਾਬੀ ਦੇ ਅਰਧ ਸਵਰ ਕਿੰਨਾ ਅੱਖਰਾਂ ਨੂੰ ਕਿਹਾ ਜਾਂਦਾ ਹੈ—

ਰ—ਯ ਤੇ ਵ

ਨ—ਪੰਜਾਬੀ ਦੇ ਪਾਸੇਦਾਰ ਵਿਅੰਜਨ ਕਿਹੜੇ ਹਨ—

ਰ—ਲ, ਲ਼

—ਪੰਜਾਬੀ ਦੇ ਕੰਬਨੇਂ ਵਿਅੰਜਨ ਕਿਹੜੇ ਹਨ—

ਰ—ਰ

—ਖਹਿਵੇ ਵਿਅੰਜਨ ਕਿਹੜੇ ਹਨ—

—ਸ਼, ਸ ਤੇ ਹ

—ਪੰਜਾਬੀ ਦੇ ਕਿਹੜੇ ਵਿਅੰਜਨ ਸ਼ਬਦ ਦੇ ਸ਼ੁਰੂ ਵਿਚ ਨਹੀਂ ਆ —

—ਙ, ਞ, ਣ, ੜ

—ਦੁੱਤ ਵਿਅੰਜਨ ਕੀ ਹੁੰਦੇ ਹਨ—

—ਜਦੋਂ ਕਿਸੇ ਵਿਅੰਜਨ ਦਾ ਉਚਾਰਨ ਇਕ ਸ਼ਬਦ ਜਾਂ ਉਚਾਰ ਵਚ ਦੂਹਰਾ ਕੀਤਾ ਜਾਵੇ।

—ਵਿਅੰਜਨ ਗੁੱਛੇ ਕਿਨ੍ਹਾਂ ਨੂੰ ਕਿਹਾ ਜਾਂਦਾ ਹੈ—

—ਜਦੋਂ ਦੋ ਜਾਂ ਦੋ ਤੋਂ ਵੱਧ ਵਿਅੰਜਨ ਬਿਨਾਂ ਸਵਰ ਦੀ ਸਹਾਇਤਾ ਾਰੇ ਜਾਣ।

—ਦੁੱਤ ਵਿਅੰਜਨਾਂ ਨੂੰ ਕਿਵੇਂ ਲਿਖਿਆ ਜਾਂਦਾ ਹੈ—

—ਅੱਧਕ ਨਾਲ।

—ਪੰਜਾਬੀ ਵਿਚ ਕਿੰਨੀਆਂ ਸੁਰਾਂ ਉਚਾਰੀਆਂ ਜਾਂਦੀਆਂ ਹਨ—

—ਤਿੰਨ (ਨੀਵੀਂ ਸੁਰ, ਪਧਰੀ ਸੁਰ, ਉੱਚੀ ਸੁਰ)

—ਬਲ ਕੀ ਹੈ—

—ਕਿਸੇ ਖ਼ਾਸ ਉਚਾਰ ਖੰਡ ਤੇ ਜ਼ੋਰ

—ਨਾਸਿਕਤਾ ਤੋਂ ਕੀ ਭਾਵ ਹੈ—

—ਜਦੋਂ ਕਿਸੇ ਧਉਨੀ ਦਾ ਉਚਾਰਨ ਨੱਕ ਰਾਹੀਂ ਕੀਤਾ ਜਾਂਦਾ

ਪੰਜਾਬੀ ਭਾਸ਼ਾ ਦੀਆਂ ਕੁੱਲ ਧੁਨੀਆਂ ਕਿੰਨੀਆਂ ਹਨ—

—10 ਸਵਰ, 29 ਵਿਅੰਜਨ ਤੇ 2 ਅਰਧ ਸਵਰ, ਕੁੱਲ 41

ਅਰਬੀ-ਫਾਰਸੀ ਦੇ ਪ੍ਰਭਾਵ ਅਧੀਨ ਆਈਆਂ ਧੁਨੀਆਂ—

—ਖ਼, ਫ਼, ਜ਼, ਸ਼, ਗ਼

ਰੂਪ ਵਿਗਿਆਨ ਕੀ ਹੈ—

—ਜਿਸ ਵਿਚ ਸ਼ਬਦ ਦੀ ਬਣਤਰ ਅਤੇ ਰੂਪ ਪੱਖੋਂ ਅਧਿਐਨ ਕੀਤਾ ਹੈ।

ਭਾਸ਼ਾ ਦੀ ਸਭ ਤੋਂ ਛੋਟੀ ਸਾਰਥਿਕ ਇਕਾਈ ਨੂੰ ਕੀ ਕਿਹਾ ਜਾਂਦਾ

ਰੂਪੀ (ਭਾਵੰਸ਼ ਜਾਂ ਰੂਪ-ਗ੍ਰਾਮ)

ਰੂਪ ਗ੍ਰਾਮ ਨੂੰ ਕਿੰਨੇ ਭਾਗਾਂ ਵਿਚ ਵੰਡਿਆ ਜਾ ਸਕਦਾ ਹੈ—

(ੳ) ਮੁਕਤ ਅਤੇ ਯੁਕਤ ਰੂਪਗ੍ਰਾਮ

[illegible]

(ੲ) ਮਿਸ਼ਰ ਰੂਪਗ੍ਰਾਮ

(ਸ) ਸਹਿ ਰੂਪ

(ਹ) ਸਮ ਧੁਨੀ

ਪ੍ਰਸ਼ਨ—ਮੁਕਤ ਤੇ ਯੁਕਤ ਰੂਪਗ੍ਰਾਮ ਕਿਹੜੇ ਹੁੰਦੇ ਹਨ—

ਉੱਤਰ—ਮੁਕਤ ਉਹ ਜਿਹੜੇ ਸੁਤੰਤਰ ਤੌਰ 'ਤੇ ਅਰਥ ਨੂੰ ਪ੍ਰਗਟਾਉਣ ਦੀ ਸਮਰੱਥਾ ਰੱਖਦੇ ਹਨ।

ਪ੍ਰਸ਼ਨ—ਯੁਕਤ ਰੂਪਗ੍ਰਾਮ ਕਿਹੜੇ ਹੁੰਦੇ ਹਨ—

ਉੱਤਰ—ਯੁਕਤ ਰੂਪਗ੍ਰਾਮ ਸੁਤੰਤਰ ਤੌਰ 'ਤੇ ਕਈ ਅਰਥ ਨਹੀਂ ਪ੍ਰਗਟਾਉਂਦੇ।

ਪ੍ਰਸ਼ਨ—ਬੰਦ ਅਤੇ ਖੁੱਲ੍ਹੇ ਰੂਪਗ੍ਰਾਮ ਕਿਹੜੇ ਹੁੰਦੇ ਹਨ—

ਉੱਤਰ—ਬੰਦ ਰੂਪਗ੍ਰਾਮ ਉਹ ਹੁੰਦਾ ਹੈ ਜਿਸ ਨਾਲ ਅੱਗੇ ਹੋਰ ਰੂਪਗ੍ਰਾਮ ਨਹੀਂ ਜੁੜ ਸਕਦੇ। ਖੁੱਲ੍ਹੇ ਰੂਪਗ੍ਰਾਮ ਉਹਨਾਂ ਨੂੰ ਆਖਿਆ ਜਾਂਦਾ ਹੈ ਜਿਨ੍ਹਾਂ ਨਾਲ ਹੋਰ ਰੂਪਗ੍ਰਾਮ ਜੁੜ ਜਾਂਦਾ ਹੈ।

ਪ੍ਰਸ਼ਨ—ਸਹਿਰੂਪ ਭਾਵ ਅੰਸ਼ ਕੀ ਹੁੰਦਾ ਹੈ—

ਉੱਤਰ—ਇੱਕੋ ਰੂਪੀਮ ਨੂੰ ਪ੍ਰਗਟਾਉਣ ਵਾਲੇ ਵੱਖ-ਵੱਖ ਰੂਪਾਂ ਨੂੰ ਸਹਿਰੂਪ ਭਾਵਅੰਸ਼ ਕਿਹਾ ਜਾਂਦਾ ਹੈ।

ਪ੍ਰਸ਼ਨ—ਸਮਧੁਨੀ ਰੂਪਗ੍ਰਾਮ ਕੀ ਹੈ—

ਉੱਤਰ—ਉਹ ਰੂਪਗ੍ਰਾਮ ਜਿਨ੍ਹਾਂ ਦਾ ਧੁਨੀ ਰੂਪ ਸਮਾਨ ਹੁੰਦਾ ਹੈ ਪਰ ਵੱਖ-ਵੱਖ ਸਥਿਤੀਆਂ ਵਿਚ ਉਹਨਾਂ ਦੇ ਅਰਥ ਅਲੱਗ-ਅਲੱਗ ਹੁੰਦੇ ਹਨ।

ਪ੍ਰਸ਼ਨ—ਵਿਆਕਰਣ ਦੀ ਵੱਡੀ ਤੋਂ ਵੱਡੀ ਇਕਾਈ ਕਿਹੜੀ ਹੈ—

ਉੱਤਰ—ਵਾਕ।

ਪ੍ਰਸ਼ਨ—ਉਪਵਾਕ ਕੀ ਹੁੰਦਾ ਹੈ—

ਉੱਤਰ—ਇਕ ਅਜਿਹਾ ਸ਼ਬਦ ਸਮੂਹ, ਜੋ ਕਿਸੇ ਲੰਮੇਰੇ ਵਾਕ ਵਿਚ ਸ਼ਾਮਿਲ ਕੀਤਾ ਹੋਵੇ ਅਤੇ ਜਿਸ ਦਾ ਆਪਣਾ ਉਦੇਸ਼ ਤੇ ਵਿਧੇ ਹੋਵੇ।

ਪ੍ਰਸ਼ਨ—ਵਾਕੰਸ਼ ਕੀ ਹੈ—

ਉੱਤਰ—ਵਾਕੰਸ਼ ਉਪਵਾਕ ਤੋਂ ਛੋਟੀ ਇਕਾਈ ਹੈ ਤੇ ਸ਼ਬਦ ਤੋਂ ਵੱਡੀ ਇਕਾਈ ਹੈ।

ਪ੍ਰਸ਼ਨ—ਸ਼ਬਦ ਕੀ ਹੈ—

ਉੱਤਰ—ਵਿਆਕਰਨਿਕ ਪੱਧਰ 'ਤੇ ਉਹ ਇਕਾਈ ਜੋ ਅਰਥ ਸਪਸ਼ਟ ਕਰਨ ਦੇ ਸਮਰੱਥ ਹੋਵੇ।

ਪ੍ਰਸ਼ਨ—ਬਣਤਰ ਦੇ ਆਧਾਰ 'ਤੇ ਵਾਕਾਂ ਨੂੰ ਕਿੰਨੇ ਭਾਗਾਂ ਵਿਚ ਵੰਡਿਆ ਜਾ ਸਕਦਾ ਹੈ—

ਉੱਤਰ—ਤਿੰਨ ਭਾਗਾਂ (ਸਾਧਾਰਨ, ਸੰਯੁਕਤ ਤੇ ਮਿਸ਼ਰਤ ਵਾਕ)

ਪ੍ਰਸ਼ਨ—ਕਾਰਜ ਦੇ ਆਧਾਰ 'ਤੇ ਵਾਕਾਂ ਨੂੰ ਕਿੰਨੇ ਭਾਗਾਂ ਵਿਚ ਵੰਡਿਆ ਜਾਂਦਾ ਹੈ—

ਉੱਤਰ—ਤਿੰਨ ਭਾਗਾਂ ਵਿਚ (ਪ੍ਰਸ਼ਨਵਾਚਕ, ਆਗਿਆਵਾਚਕ ਤੇ ਬਿਆਨੀਆ)

ਪ੍ਰਸ਼ਨ—ਵਾਕ ਨੂੰ ਮੁੱਖ ਰੂਪ ਵਿਚ ਕਿੰਨੇ ਭਾਗਾਂ ਵਿਚ ਵੰਡਿਆ ਜਾ ਸਕਦਾ ਹੈ—

ਉੱਤਰ—ਦੋ (ਉਦੇਸ਼ ਤੇ ਵਿਧੇ)

ਪ੍ਰਸ਼ਨ—ਉਦੇਸ਼ ਤੋਂ ਕੀ ਭਾਵ ਹੈ—

ਉੱਤਰ—ਜਿਸ ਬਾਰੇ ਵਾਕ ਵਿਚ ਕੋਈ ਗੱਲ ਕੀਤੀ ਜਾਂਦੀ ਹੈ।

ਪ੍ਰਸ਼ਨ—ਵਿਧੇ ਤੋਂ ਕੀ ਭਾਵ ਹੈ—

ਉੱਤਰ—ਜੋ ਗੱਲ ਵਾਕ ਵਿਚ ਕੀਤੀ ਜਾਂਦੀ ਹੈ ਉਸ ਨੂੰ ਵਿਧੇ ਕਹਿੰਦੇ ਹਨ।

Scanned by CamScanner

ਪ੍ਰਸ਼ਨ—ਉਪਵਾਕ ਦੀਆਂ ਕਿਸਮਾਂ ਦੱਸੋ—

ਉੱਤਰ—ਦੋ (ਸਵਾਧੀਨ ਤੇ ਪਰਾਧੀਨ)

ਪ੍ਰਸ਼ਨ—ਭਾਸ਼ਾ ਕੀ ਹੈ— VIP

ਉੱਤਰ—(ੳ) ਭਾਸ਼ਾ ਇਕ ਸਿਸਟਮ ਹੈ

(ਅ) ਨੇਮਬੱਧ ਵਿਵਸਥਾ ਹੈ।

(ੲ) ਸੰਚਾਰ ਪ੍ਰਣਾਲੀ ਹੈ।

(ਸ) ਆਪ-ਹੁਦਰੀ ਹੈ।

(ਹ) ਪਰੰਪਰਾ ਪ੍ਰਾਪਤ ਤੇ ਗ਼ੈਰ ਜਮਾਂਦਰੂ ਹੈ।

(ਕ) ਉਚਾਰ ਮੁੱਖ ਹੈ।

(ਖ) ਮਾਨਵ ਕੇਂਦਰਿਤ ਹੈ।

(ਗ) ਪ੍ਰਤੀਕਆਤਮਕ ਹੈ।

(ਘ) ਜਟਿਲ ਸੰਰਚਨਾ ਹੈ।

(ਙ) ਚਿੰਨ੍ਹ ਪ੍ਰਬੰਧ ਹੈ।

(ਚ) ਮੁਕਤਾਂਤਕ, ਪਰਿਵਰਤਨਸ਼ੀਲ ਤੇ ਵਿਵਸਥਾਸ਼ੀਲ ਹੈ।

(ਛ) ਸਮਾਜਿਕ ਵਰਤਾਰੇ ਦਾ ਇਕ ਰੂਪ ਹੈ।

ਪ੍ਰਸ਼ਨ—ਭਾਸ਼ਾ ਦੀ ਪ੍ਰਕਿਰਤੀ ਕੀ ਹੈ— VIP

ਉੱਤਰ—(ੳ) ਭਾਸ਼ਾ ਦੂਹਰੀ ਗੋਂਦੀ ਹੈ।

(ਅ) ਮੌਖਿਕ ਹੈ।

(ੲ) ਮਾਨਵੀ ਸੰਸਥਾ ਹੈ।

(ਸ) ਸ਼ੁੱਧ ਜਾਂ ਅਸ਼ੁੱਧ ਨਹੀਂ ਹੁੰਦੀ।

(ਹ) ਉਚਾਰ ਦੀ ਰੇਖਕੀ ਲੜੀ ਹੈ।

(ਕ) ਸਮਾਜਿਕ ਵਸਤੂ ਹੈ।

ਪ੍ਰਸ਼ਨ—ਭਾਸ਼ਾ ਵਿਗਿਆਨ ਕੀ ਹੈ—

ਉੱਤਰ—ਭਾਸ਼ਾਵਾਂ ਦਾ ਵਿਗਿਆਨਿਕ ਅਧਿਐਨ

ਪ੍ਰਸ਼ਨ—ਆਧੁਨਿਕ ਭਾਸ਼ਾ ਵਿਗਿਆਨ ਦਾ ਮੋਢੀ ਕੌਣ ਹੈ—

ਉੱਤਰ—ਫਰਦੀਨਾ ਦਾ ਸਾਸਿਊਰ

ਪ੍ਰਸ਼ਨ—ਸਾਸਿਊਰ ਦੀ ਭਾਸ਼ਾ ਨਾਲ ਸੰਬੰਧਤ ਪ੍ਰਸਿੱਧ ਪੁਸਤਕ ਦਾ ਨਾਂ ਲਿਖੋ—

ਉੱਤਰ—Course in General English Languistic

ਪ੍ਰਸ਼ਨ—ਭਾਸ਼ਾ ਵਿਗਿਆਨ ਵਿਚ ਅਧਿਐਨ ਕੀਤਾ ਜਾਂਦਾ ਹੈ—

ਉੱਤਰ—ਧੁਨੀ ਵਿਗਿਆਨ — ਧੁਨੀ ਗ੍ਰਾਮ

ਰੂਪ ਵਿਗਿਆਨ — ਵਾਕ ਵਿਗਿਆਨ

ਸ਼ਬਦ ਵਿਗਿਆਨ — ਲਿਪੀ ਗ੍ਰਾਮ ਵਿਗਿਆਨ

ਪ੍ਰਸ਼ਨ—ਚਿੰਨ੍ਹ ਕੀ ਹੈ—

ਉੱਤਰ—ਸੰਕਲਪ ਤੇ ਧੁਨੀ ਬਿੰਬ ਦੀ ਸੰਯੁਕਤੀ

ਪ੍ਰਸ਼ਨ—ਚਿੰਨ੍ਹ ਦੀ ਪ੍ਰਕਿਰਤੀ ਕੀ ਹੈ—

ਉੱਤਰ—ਆਪ ਹੁਦਰੀ

ਪ੍ਰਸ਼ਨ—ਲਾਂਗ ਕੀ ਹੈ—

ਉੱਤਰ—ਭਾਸ਼ਾ ਦਾ ਸਮਾਜਿਕ ਰੂਪ

ਪ੍ਰਸ਼ਨ—ਪੈਰੋਲ ਕੀ ਹੈ— VIP

ਉੱਤਰ—ਭਾਸ਼ਾ ਦਾ ਵਿਅਕਤੀਗਤ ਰੂਪ

ਪ੍ਰਸ਼ਨ—ਲਾਂਗ ਕੀ ਹੈ—

ਉੱਤਰ—(ੳ) ਭਾਸ਼ਕ ਸਿਸਟਮ — (ਅ) ਮੂਲ ਸਾਧਨ

(ੲ) ਅਮੂਰਤ ਪ੍ਰਬੰਧ — (ਸ) ਸਮੂਹਿਕ ਪੈਟਰਨ

(ਹ) ਸੂਖਮ ਰੂਪ — (ਕ) ਨੇਮ ਬੱਧ

(ਖ) ਸਮਾਜਿਕ ਵਸਤੂ — (ਗ) ਅਣਇੱਛਿਤ

(ਘ) ਭਾਸ਼ਕ ਤੱਤਾਂ ਦਾ ਸਮੂਹ — (ਙ) ਅਕ੍ਰਿਆਸ਼ੀਲ

(ਚ) ਮਨੋਵਿਗਿਆਨਿਕ ਹੋਂਦ — (ਛ) ਸੰਭਾਵੀ

(ਜ) ਕਾਰਜੀ — (ਝ) ਬੰਧਜੀ

(ਞ) ਸਮਾਨ ਰੂਪ

Scanned by CamScanner